7 Janaury- page 8.qxd 1/9/2010 9:57 AM Page 1

ਨਾਨਕਸ਼ਾਹੀ ਕੈਲੰਡਰ ਵਿੱਚ ਸੋਧ ਕਰਨੀ ਜ਼ਰੂਰੀ ਸੀ-ਸਿੱਖ ਫੈੱਡਰੇਸ਼ਨ ਯੂ.ਕੇ.

ਲੰਡਨ, 7 ਜਨਵਰੀ (ਅ.ਬ.)- ਸਿੱਖ ਫੈੱਡਰੇਸ਼ਨ ਯੂ.ਕੇ. ਨੇ ਸ਼੍ਰੋਮਣੀ ਕਮੇਟੀ ਦੇ ਫ਼ੈਸਲੇ ਨੂੰ ਦੇਰ ਆਏ ਦਰੁਸਤ ਆਏ ਕਹਿੰਦਿਆਂ ਬਾਬਾ ਹਰਨਾਮ ਸਿੰਘ ਖ਼ਾਲਸਾ ਦੇ ਯਤਨਾਂ ਦੀ ਪ੍ਰੋੜਤਾ ਕੀਤੀ ਹੈ। ਫੈੱਡਰੇਸ਼ਨ ਚੇਅਰਮੈਨ ਭਾਈ ਅਮਰੀਕ ਸਿੰਘ ਗਿੱਲ ਨੇ ਦੱਸਿਆ ਕਿ ਸਿੱਖ ਫ਼ੈੱਡਰੇਸ਼ਨ ਸ਼ੁਰੂ ਤੋਂ ਹੀ ਨਾਨਕਸ਼ਾਹੀ ਕੈਲੰਡਰ ਵਿਚਲੀਆਂ ਤਰੁੱਟੀਆਂ ਦਾ ਵਿਰੋਧ ਕਰਦੀ ਆ ਰਹੀ ਸੀ ਕਿ ਸਦੀਆਂ ਤੋਂ ਚੱਲੀਆਂ ਆ ਰਹੀਆਂ ਤਾਰੀਖਾਂ ਨੂੰ ਬਦਲਣਾ ਠੀਕ ਨਹੀਂ ਹੈ। ਲੇਕਿਨ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਸੰਤ ਸਮਾਜ ਦੀ ਇਸ ਦੇਰ ਦੀ ਮੰਗ ਨੂੰ ਮੁੱਖ ਰੱਖਦਿਆਂ ਪਹਿਲੀ ਚੇਤ ਤੋਂ ਕੈਲੰਡਰ ਬਦਲਣ ਦੀ ਗੱਲ ਮੰਨ ਕੇ ਪੁਰਾਣੀ ਰੀਤਾਂ ਅਤੇ ਪਰੰਪਰਾਵਾਂ ਨੂੰ ਮੁੜ ਲਾਗੂ ਕਰਕੇ ਅਤੀ ਸ਼ਲਾਘਾਯੋਗ ਕੰਮ ਕੀਤਾ ਹੈ। ਨਵੀਂ ਸੋਧ ਦੇ ਹੱਕ ਵਿੱਚ ਬੋਲਦਿਆਂ ਸ.ਹਰਜੀਤ ਸਿੰਘ ਸਰਪੰ ਮੀਤ ਪ੍ਰਧਾਨ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਨੇ ਕਿਹਾ ਕਿ ਜਥੇਦਾਰ ਅਵਤਾਰ ਸਿੰਘ ਨੇ ਦਲੇਰਾਨਾ ਅਤੇ ਲੰਮੀ ਸੋਚ ਤੋਂ ਕੰਮ ਲੈਂਦਿਆਂ ਬਹੁਤ ਹੀ ਚੰਗਾ ਉੱਦਮ ਕੀਤਾ ਗਿਆ ਹੈ। ਇਸੇ ਤਰ੍ਹਾਂ ਫੈੱਡਰੇਸ਼ਨ ਦੇ ਹੋਰ ਆਗੂਆਂ ਭਾਈ ਨਰਿੰਦਰਜੀਤ ਸਿੰਘ ਥਾਂਦੀ, ਕੁਲਦੀਪ ਸਿੰਘ ਚਹੇੜੂ, ਚਰਨ ਸਿੰਘ ਟਵਿਡੇਲ, ਹਰਦੀਸ਼ ਸਿੰਘ ਵਲਵਰਹੈਂਪਟਨ, ਦਵਿੰਦਰਜੀਤ ਸਿੰਘ ਸਲੋਹ ਨੇ ਵੀ ਕੈਲੰਡਰ ਵਿੱਚ ਸੋਧ ਕਰਨ ਨੂੰ ਠੀਕ ਠਹਿਰਾਇਆ ਹੈ।

ਇੱਥੇ ਵਰਨਣਯੋਗ ਹੈ ਕਿ ਸਿੱਖ ਫੈੱਡਰੇਸ਼ਨ ਯੂ.ਕੇ. ਸ਼ੁਰੂ ਤੋਂ ਕੈਲੰਡਰ ਵਿੱਚ ਪਾਈਆਂ ਜਾ ਰਹੀਆਂ ਤਰੁੱਟੀਆਂ ਦਾ ਡਟ ਕੇ ਵਿਰੋਧ ਕਰਦੀ ਆ ਰਹੀ ਸੀ ਅਤੇ ਇਸ ਵਿੱਚ ਸੋਧਾਂ ਕੀਤੇ ਜਾਣ ਲਈ ਪੁਰਜ਼ੋਰ ਮੰਗ ਕਰਦੀ ਆ ਰਹੀ ਸੀ। ਹੁਣ ਕੈਲੰਡਰ ਵਿੱਚ ਸੋਦਾਂ ਕੀਤੇ ਜਾਣ ਸਬੰਧੀ ਚੇਅਰਮੈਨ ਭਾਈ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਸਿੱਖ ਕੌਮ ਲਈ ਇਹ ਇੱਕ ਸਾਰਥਾਕ ਕਦਮ ਹੈ ਅਤੇ ਇਸ ਦੇ ਨਾਲ ਸਿੱਖ ਵਿਰੋਧੀ ਤਾਕਤਾਂ ਅਤੇ ਉਨ੍ਹਾਂ ਦੇ ਹੱਥਾਂ ਵਿੱਚ ਵਿਕੇ ਲੋਕਾਂ ਨੂੰ ਮੂੰਹ ਦੀ ਖਾਣੀ ਪਈ ਹੈ।

ਬਰਮਿੰਘਮ-ਨਾਨਕਸ਼ਾਹੀ ਕੈਲੰਡਰ ਦੀਆਂ ਤਾਰੀਖਾਂ ਨੂੰ ਸੋਧਣ ਅਤੇ ਇੱਕ ਚੇਤ ਨੂੰ ਲਾਗੂ ਕਰਨ ਦੇ ਫ਼ੈਸਲੇ ਦੀ ਸ਼ਲਾਘਾ ਕਰਦਿਆਂ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੇ ਸਾਬਕਾ ਪ੍ਰਧਾਨ ਭਾਈ ਮਲਕੀਤ ਸਿੰਘ ਤੇਹਿੰਗ, ਭਾਈ ਜਤਿੰਦਰ ਸਿੰਘ ਹੋਰਾਂ ਆਖਿਆ ਕਿ ਇਹ ਇੱਕ ਕੌਮੀ ਮਸਲਾ ਸੀ ਜੋ ਕਾਫ਼ੀ ਸਮੇਂ ਤੋਂ ਉਲਝਿਆ ਹੋਇਆ ਸੀ, ਹੁਣ ਇਸ ਨੂੰ ਨਿਪਟਾਏ ਜਾਣ ਦਾ ਫ਼ੈਸਲਾ ਲਿਆ ਜਾਣਾ ਬਹੁਤ ਸ਼ੁਭ ਕਾਰਜ ਹੈ।

ਉਨ੍ਹਾਂ ਦੱਸਿਆ ਕਿ ਸਿੱਖ ਸੰਗਤਾਂ ਅਤੇ ਪੰਥਕ ਨੁਮਾਇੰਦਿਆਂ ਵੱਲੋਂ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਕੈਲੰਡਰ ਵਿੱਚ ਸੋਧਾਂ ਕੀਤੇ ਜਾਣ ਦੇ ਫ਼ੈਸਲੇ ਨਾਲ ਸਿੱਖ ਸੰਗਤਾਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ। ਅਨੇਕਾਂ ਸਿੱਖ ਸੰਗਤਾਂ ਨੇ ਆਵਾਜ਼ਿ ਕੌਮ ਇੰਟ. ਦੇ ਦਫ਼ਤਰ ਵਿਖੇ ਫੋਨ ਕਰਕੇ ਵਧਾਈਆਂ ਦਿੱਤੀਆਂ। ਇਸ ਮੌਕੇ ਬਰਮਿੰਘਮ ਦੇ ਪ੍ਰਸਿੱਧ ਰਾਜ ਰੇਡੀਓ ਨੇ ਮੌਕੇ ਸਿਰ ਸੰਗਤਾਂ ਨੂੰ ਇਸ ਸਬੰਧੀ ਜਾਣਕਾਰੀ ਦਿੱਤੀ ਤੇ ਕਾਫ਼ੀ ਲਮਾਂ ਸਮਾਂ ਲਾਈਵ ਪ੍ਰੋਗਰਾਮ ਪ੍ਰਸਾਰਿਤ ਕੀਤਾ। ਸੰਸਾਰ ਭਰ ਵਿੱਚ ਇਸ ਨੂੰ ਕੌਮੀ ਏਕਤਾ ਦੇ ਸਬੂਤ ਵਜੋਂ ਦੇਖਿਆ ਜਾ ਰਿਹਾ ਹੈ।

ਸਾਊਥ ਬਰਮਿੰਘਣ ਤੋਂ ਭਾਈ ਮੋਹਨ ਸਿੰਘ ਅਤੇ ਬਾਬਾ ਸੰਗ ਗੁਰਦੁਆਰਾ ਸਾਹਿਬ ਤੋਂ ਭਾਈ ਰੇਸ਼ਮ ਤੇ ਭਾਈ ਦਲਜੀਤ ਸਿੰਘ ਨੇ ਇਸ ਫ਼ੈਸਲੇ ਨੂੰ ਦਰੁਸਤ ਕਰਾਰ ਦਿੱਤਾ ਹੈ।

ਇਸ ਫ਼ੈਸਲੇ ਪ੍ਰਤੀ ਬਰਮਿੰਘਣ,ਭਾਈ ਗੁਰਜੀਤ ਸਿੰਘ ਸਮਰਾ-ਗੁਰਦੁਆਰਾ ਸ੍ਰੀ ਹਰਿਕ੍ਰਿਸ਼ਨ ਜੀ-ਲੈਸਟਰ, ਡਰਬੀ, ਕਵੈਂਟਰੀ, ਭਾਈ ਜਸਪਾਲ ਸਿੰਘ ਢੇਸੀ-ਗ੍ਰੇਵਜ਼ੈਂਡ, ਭਾਈ ਜਰਨੈਲ ਸਿੰਘ-ਨਿਊਕਾਸਲ, ਭਾਈ ਹਰਜਿੰਦਰ ਸਿੰਘ-ਈਸਟਹੈਮ, ਸੈਜਲੀ ਸਟਰੀਟ ਵਲਵਰਹੈਂਪਟਨ, ਪਲੈਕ (ਵਾਲਸਾਲ) ਆਦਿ ਅਨੇਕਾਂ ਗੁਰੂ ਘਰਾਂ ਦੇ ਪ੍ਰਬੰਧਕਾਂ ਤੇ ਸੰਗਤਾਂ ਨੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ।



ਐਮ.ਬੀ.ਡੀ. ਦੇ ਸੀ.ਐਮ.ਡੀ. ਸਵ. ਅਸ਼ੋਕ ਮਲਹੋਤਰਾ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਹਰੀ ਸਿਨੇਮਾ ਵਿੱਚ ਹੋਈ ਸ਼ੋਕ ਸਭਾ ਦਾ ਦ੍ਰਿਸ਼।

ਐਮ.ਬੀ.ਡੀ. ਦੇ ਸੀ.ਐਮ.ਡੀ. ਅਸ਼ੋਕ ਮਲਹੋਤਰਾ ਨੂੰ ਸ਼ਰਧਾਂਜਲੀ ਭੇਟ

ਜਲੰਧਰ, 7 ਜਨਵਰੀ (ਹਰਪ੍ਰੀਤ ਸਿੰਘ ਲੇਹਿਲ)- ਐਮ.ਬੀ.ਡੀ. ਦੇ ਸੀ.ਐਮ.ਡੀ. ਸਵਰਗਵਾਸੀ ਅਸ਼ੋਕ ਮਲਹੋਤਰਾ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਐਮ.ਬੀ.ਡੀ. ਸਮੂਹ ਵੱਲੋਂ ਹਰੀ ਸਿਨੇਮਾ ਕੈਂਪਸ ਵਿੱਚ ਇੱਕ ਸ਼ੋਕ ਸਭਾ ਕੀਤੀ ਗਈ। ਜਿਸ ਵਿੱਚ ਐਮ.ਬੀ.ਡੀ. ਜਲੰਧਰ ਦੀਆਂ ਸਾਰੀਆਂ ਇਕਾਈਆਂ ਨੇ ਇਕੱਠੇ ਹੋ ਕੇ ਸਵਰਗਵਾਸੀ ਅਸ਼ੋਕ ਮਲਹੋਤਰਾ ਨੂੰ ਸਾਂਝੇ ਤੌਰ 'ਤੇ ਸ਼ਰਧਾਂਜਲੀ ਭੇਂਟ ਕੀਤੀ ਅਤੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ। ਇਸ ਮੌਕੇ 'ਤੇ ਐਮ.ਬੀ.ਡੀ. ਸਮੂਹ ਦੇ ਸੀਨੀਅਰ ਅਧਿਕਾਰੀ ਨੇ ਪ੍ਰਣ ਲਿਆ ਕਿ ਅਸੀਂ ਸਾਰੇ ਮੈਂਬਰ ਸ੍ਰੀ ਅਸ਼ੋਕ ਮਲਹੋਤਰਾ ਜੀ ਵੱਲੋਂ ਦੱਸੇ ਗਏ ਮਾਰਗ 'ਤੇ ਦਿਨ ਰਾਤ ਚਲਦੇ ਹੋਏ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕਰਾਂਗੇ।

ਨਗਰ ਕੌਂਸਲ ਦੀਆਂ ਮੁਸ਼ਕਿਲਾਂ ਸੁਣੀਆਂ

ਮੌੜ ਮੰਡੀ 7 ਜਨਵਰੀ (ਸ਼ਾਮ ਲਾਲ ਜੋਧਪੁਰੀਆ)- ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਲੋਕ ਸਭਾ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ, ਮੌੜ ਮੰਡੀ ਵਿੱਚ ਸੰਗਤ ਦਰਸ਼ਨ ਕਰਨਗੇ ਅਤੇ 11 ਜਨਵਰੀ ਮੌੜ ਮੰਡੀ ਪੁੱਜ ਰਹੇ ਹਨ । ਇਸ ਸਬੰਧ ਵਿੱਚ ਅੱਜ ਨਗਰ ਕੌਂਸਲ ਮੌੜ ਦੇ ਦਫਤਰ ਵਿਖੇ ਮੁੱਖ ਪਾਰਲੀਮਾਨੀ ਸਕੱਤਰ ਸ੍ਰ ਜਗਦੀਪ ਸਿੰਘ ਨਕੱਈ ਨੇ ਨਗਰ ਕੌਂਸਲਰਾਂ ਨਾਲ ਇੱਕ ਮੀਟਿੰਗ ਕੀਤੀ । ਇਸ ਵਿੱਚ ਮੰਡੀ ਦੀਆਂ ਸਮਸਿਆਵਾਂ ਨੂੰ ਵਾਰਡ ਵਾਈਜ ਜਾਣੂ ਕਰਾਇਆ ਗਿਆ । ਇਸ ਮੌਕੇ ਤੇ ਕੁਝ ਨਗਰ ਕੌਂਸਲਰਾਂ ਨੇ ਕਿਹਾ ਕਿ ਮੌੜ ਮੰਡੀ ਵਿੱਚ ਸੀਵਰ ਬੌਰਡ ਦੀਆਂ ਪਾਈਪਾਂ ਪਾਈਆਂ ਜਾ ਰਹੀਆਂ ਹਨ, ਉਨਾਂ ਵਿੱਚ ਵਰਤਿਆਂ ਜਾਣ ਵਾਲਾ ਸਮਾਨ ਘਟੀਆਂ ਕਿਸਮ ਦਾ ਹੈ, ਇੰਨਾਂ ਨੇ ਇਸ ਸਬੰਧੀ ਉਚ ਪੱਧਰੀ ਜਾਂਚ ਕਰਾਉਣ ਲਈ ਕਿਹਾ ਹੈ । ਸ੍ਰ ਜਗਦੀਪ ਸਿੰਘ ਨਕੱਈ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਲੋਕ ਸਭਾ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ 11 ਜਨਵਰੀ, ਦੁਪਹਿਰ 1200 ਵਜੇ ਮੌੜ ਮੰਡੀ ਦੇ ਮਿਲਨ ਪੈਲੇਸ, ਨੇੜੇ ਟਰੱਕ ਯੂਨੀਅਨ ਪਹੁੰਚ ਰਹੇ ਹਨ । ਉਹਨਾਂ ਕਿਹਾ ਕਿ ਜੋ ਵੀ ਸ਼ਹਿਰ ਦੀਆਂ ਮੁੱਖ ਮੰਗਾਂ ਹਨ, ਉਨਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇਗਾ । ਜਗਦੀਪ ਸਿੰਘ ਨਕੱਈ ਨੇ ਸਾਡੇ ਪੱਤਰਕਾਰ ਨੂੰ ਦੱਸਿਆਂ ਕਿ ਬੀਬੀ ਹਰਸਿਮਰਤ ਕੌਰ ਬਾਦਲ 8 ਜਨਵਰੀ ਨੂੰ ਮੌੜ ਹਲਕੇ ਵਿੱਚ ਪੈਂਦੇ ਪਿੰਡ ਚਨਾਰਥਲ ਖਾਨਾ, ਰਾਏ ਖਾਨਾ ਵਿਖੇ ਪੰਚਾਇਤਾਂ ਨੂੰ ਵੱਖ ਵੱਖ ਸਕੀਮਾਂ ਅਧਨਿ ਚੈੱਕ ਵੰਡੇ ਜਾਣਗੇ । ਇੰਨਾਂ ਪਿੰਡਾਂ ਦੀਆਂ ਸਮੱਸਿਆਵਾਂ ਨੂੰ ਮੌਕੇ ਤੇ ਹੱਲ ਕੀਤਾ ਜਾਵੇਗਾ । ਇਸ ਮੌਕੇ ਤੇ ਨਗਰ ਕੌਂਸਲ ਮੌੜ ਦੇ ਪ੍ਰਧਾਨ ਸੁਖਚੈਨ ਸਿੰਘ ਸਿੱਧੂ, ਪ੍ਰਿੰਸੀਪਲ ਪੰਜਾਬੀ ਯੂਨੀਵਰਸਿਟੀ ਕੈਂਪਸ ਮੌੜ, ਜਿਲ੍ਹਾ ਯੋਜਨਾ ਬੌਰਡ ਮੈਂਬਰ ਕਰਨੈਲ ਸਿੰਘ, ਵਿਜੈ ਕੁਮਾਰ ਗੋਇਲ ਐਮਸੀ, ਪੰਡਿਤ ਕੌਰ ਚੰਦ, ਵਿਜੈ ਕੁਮਾਰ ਸੰਦੋਹਾ, ਨਿਰਮਲ ਸਿੰਘ, ਗੁਰਸੇਵਕ ਸਿੰਘ ਕਾਲਾ, ਦਰਸ਼ਨ ਸਿੰਘ ਐਸੀ, ਹਰਜਿੰਦਰ ਸਿੰਘ ਐਮਸੀ, ਰਵੀ ਕੁਮਾਰ ਸਾਬਕਾ ਉਪ ਚੇਅਰਮੈਨ ਮਾਰਕਿਟ ਮੌੜ, ਨਸੀਬ ਚੰਦ ਬਾਂਸਲ, ਜਗਧੀਰ ਸਿੰਘ ਖੰਡੀ ਸਾਬਕਾ ਐਮਸੀ, ਹਾਜਰ ਸਨ ।

ਸੜਕ ਸੁਰੱਖਿਆ ਸਪਤਾਹ ਮਨਾਇਆ

ਅਮਲੋਹ, 7 ਜਨਵਰੀ (ਵਿਪਨ ਬਾਂਸਲ)- ਜ਼ਿਲ੍ਹਾ ਸਿੱਖਿਆਂ ਅਫਸਰ ਫ਼ਤਹਿਗੜ੍ਹ ਸਾਹਿਬ ਸ. ਜੇ.ਪੀ. ਸਿੰਘ ਦੇ ਨਿਰਦੇਸ਼ਾਂ ਹੇਠ ਸਰਕਾਰੀ ਸੈਕੰਡਰੀ ਸਕੂਲ ਨਰਾਇਣਗੜ੍ਹ ਵਿਖੇ ਪ੍ਰਿੰਸੀਪਲ ਸੰਦੀਪ ਨਾਗਰ ਦੀ ਅਗਵਾਈ ਹੇਠ ਸੜਕ ਸੁਰੱਖਿਆਂ ਸਪਤਾਹ ਮਨਾਇਆਂ ਗਿਆ। ਇਸ ਸਪਤਾਹ ਦੌਰਾਨ ਵਿਦਿਆਰਥੀਆਂ ਨੂੰ ਸੜਕ ਸੁਰੱਖਿਆਂ ਸਬੰਧੀ ਜਾਣਕਾਰੀ ਦਿੱਤੀ ਗਈ। ਸਵੇਰ ਦੀ ਸਭਾ ਦੌਰਾਨ ਪੰਜਾਬੀ ਅਧਿਆਪਕ ਸ. ਹਰਪਾਲ ਸਿੰਘ ਨੇ ਸੜਕ 'ਤੇ ਲੱਗੇ ਨਿਰੇਦਾਸ਼ਾਤਿਮਕ ਸੰਕੇਤਾਂ, ਚੇਤਾਵਨੀ ਸੰਕੇਤਾ ਅਤੇ ਸੂਚਨਾ ਸੰਕੇਤਾ ਸਬੰਧੀ ਚਾਰਟ ਰਾਹੀ ਜਾਣਕਾਰੀ ਦਿੱਤੀ। ਇਨ੍ਹਾਂ ਸੰਕੇਤਾਂ ਸਬੰਧੀ ਇਕ ਬੋਰਡ ਵੀ ਸਕੂਲ ਕੈਂਪਸ ਵਿਚ ਸਥਾਪਤ ਕੀਤਾ ਗਿਆ ਤਾਂ ਕਿ ਵਿਦਿਆਰਥੀ ਇਨ੍ਹਾਂ ਸੰਕੇਤਾਂ ਤੋਂ ਲਗਾਤਾਰ ਜਾਣੂ ਹੋ ਸਕਣ। ਸਕੂਲ ਦੇ ਦੋ ਵਿਦਿਆਰਥੀਆਂ ਨੇ ਤਹਿਸੀਲ ਪੱਧਰ 'ਤੇ ਆਯੋਜਿਤ ਪੇਟਿੰਗ ਮੁਕਾਬਲੇ ਅਤੇ 'ਸਲੋਗਨ ਰਾਈਟਿੰਗ' ਪ੍ਰਤੀਯੋਗਿਤਾ ਵਿਚ ਵੀ ਹਿੱਸਾ ਲਿਆ ਜਿਸ ਵਿਚ ਅੱਠਵੀਂ ਜਮਾਤ ਦੇ ਧਰਮਵੀਰ ਸਿੰਘ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।

ਪੰਜਾਬ ਦੇ ਰਾਜਪਾਲ ਵੱਲੋਂ ਐਸ.ਏ.ਐਸ. ਨਗਰ ਵਿਖੇ ਅੱਖਾਂ ਦੇ ਹਸਪਤਾਲ ਦਾ ਉਦਘਾਟਨ

ਮੁਹਾਲੀ 7 ਜਨਵਰੀ (ਵੀਨਾ ਰਾਜਪੂਤ) ਪੰਜਾਬ ਦੇ ਰਾਜਪਾਲ, ਜਨਰਲ (ਸੇਵਾਮੁਕਤ) ਐਸ.ਐਫ. ਰੋਡਰਿਗਜ਼ ਨੇ ਐਸ.ਏ.ਐਸ.ਨਗਰ ਵਿਖੇ ਸੈਕਟਰ 71 ਸਥਿਤ ਆਈ.ਵੀ. ਹਸਪਤਾਲ ਦੇ ਕੈਂਪਸ ਵਿਖੇ ਅੱਖਾਂ ਦੇ ਕਲੀਨਿਕ ਤੇ ਸਰਜਰੀ ਕੇਂਦਰ (ਗਰੇਵਾਲ ਆਈ ਇੰਸਟੀਚਿਊਟ) ਦਾ ਉਦਘਾਟਨ ਕਰਨ ਉਪਰੰਤ ਕਿਹਾ ਕਿ ਇਹ ਕੇਂਦਰ ਮੋਹਾਲੀ ਅਤੇ ਇਸ ਦੇ ਆਸ ਪਾਸ ਦੇ ਲੋਕਾਂ ਲਈ ਵਰਦਾਨ ਸਾਬਤ ਹੋਵੇਗਾ। ਰਾਜਪਾਲ ਪੰਜਾਬ ਨੇ ਇਸ ਮੌਕੇ ਡਾਕਟਰ ਗਰੇਵਾਲ ਜਿਹੜੇ ਕਿ ਇਸ ਕੇਂਦਰ ਦੇ ਸੀ.ਈ.ਓ ਵੀ ਹਨ ਅਤੇ ਸਮੁੱਚੀ ਟੀਮ ਨੂੰ ਇਸ ਕੇਂਦਰ ਦੇ ਖੋਲਣ ਤੇ ਮੁਬਾਰਕਬਾਦ ਵੀ ਦਿੱਤੀ ਅਤੇ ਉਨ੍ਹਾਂ ਸਮੁੱਚੀ ਟੀਮ ਨੂੰ ਕਿਹਾ ਕਿ ਉਹ ਆਪਣੀਆਂ ਅੱਖਾਂ ਦੇ ਇਲਾਜ ਦੀਆਂ ਬਿਹਤਰ ਸੇਵਾਵਾਂ ਨੂੰ ਸਲੱਮ ਏਰੀਏ ਅਤੇ ਲੋੜਵੰਦ ਲੋਕਾਂ ਤੱਕ ਪਹੁਚਾਉਣ ਜਿਹੜੇ ਕਿ ਗਰੀਬੀ ਕਾਰਨ ਆਪਣੀਆਂ ਅੱਖਾਂ ਦਾ ਸਮੇਂ ਸਿਰ ਇਲਾਜ ਨਹੀਂ ਕਰਵਾ ਸਕਦੇ । ਉਨ੍ਹਾਂ ਹੋਰ ਕਿਹਾ ਕਿ ਉਹ ਇਸ ਕੇਂਦਰ ਵਿੱਚ ਮਾਨਸਿਕ ਰੋਗੀ ਬੱਚਿਆਂ ਦੀਆਂ ਅੱਖਾਂ ਦੇ ਇਲਾਜ ਲਈ ਵਿਸ਼ੇਸ਼ ਤਵਜੋ ਦੇਣ ਕਿਉਂਕਿ ਅਜਿਹੇ ਬੱਚੇ ਆਪਣੇ ਰੋਗਾਂ ਨੂੰ ਦੂਜਿਆਂ ਨੂੰ ਦੱਸ ਨਹੀਂ ਸਕਦੇ। ਜਨਰਲ ਰੋਡਰਿਗਜ਼ ਨੇ ਇਸ ਮੌਕੇ ਸਮੁੱਚੇ ਕੇਂਦਰ ਦਾ ਨਿਰੀਖਣ ਵੀ ਕੀਤਾ ਅਤੇ ਅੱਖਾਂ ਦੇ ਡਾਕਟਰਾਂ ਨਾਲ ਵਿਸ਼ੇਸ਼ ਤੋਰ ਤੇ ਗੱਲਬਾਤ ਵੀ ਕੀਤੀ। ਇਸ ਮੌਕੇ ਸੀ.ਈ.ਓ ਡਾਕਟਰ ਐਸ.ਪੀ.ਐਸ ਗਰੇਵਾਲ ਨੇ ਰਾਜਪਾਲ ਪੰਜਾਬ ਨੂੰ ਵਿਸ਼ਵਾਸ਼ ਦਿਵਾਇਆ ਕਿ ਉਹ ਉਨ੍ਹਾਂ ਵੱਲੋਂ ਦਿੱਤੇ ਆਦੇਸ਼ਾ ਮੁਤਾਬਕ ਇਸ ਕੇਂਦਰ ਰਾਹੀਂ ਗਰੀਬ ਲੋੜਵੰਦ ਅਤੇ ਮਾਨਸਿਕ ਰੋਗੀ ਬੱਚਿਆਂ ਦੇ ਅੱਖਾਂ ਦੇ ਇਲਾਜ ਨੂੰ ਪਹਿਲ ਦੇਣਗੇ। ਡਾਕਟਰ ਗਰੇਵਾਲ ਨੇ ਦੱਸਿਆ ਕਿ ਇਸ ਕੇਂਦਰ ਵਿੱਚ ਮੋਤੀਆਂਬਿੰਦ ਤੇ ਰੈਟੀਨਾ ਵਿਕਾਰਾ ਤੋਂ ਲੈ ਕੇ ਬੱਚਿਆਂ ਤੋਂ ਭੈਂਗਾਪਨ ਤਕ ਸਭ ਰੋਗਾਂ ਵਿੱਚ ਗੁਣਵਤਾ ਅੱਖਾਂ ਦੇ ਇਲਾਜ ਦੀ ਸਹੂਲਤ ਪ੍ਰਦਾਨ ਕਰੇਗਾ ਅਤੇ ਇਸ ਕੇਂਦਰ ਵਿੱਚ ਨਵੀਂ ਤਕਨਾਲੋਜੀ ਤੇ ਚਕਿਤਸਾ ਉਪਕਰਨਾਂ ਦੀ ਵਰਤੋਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਮੋਹਾਲੀ ਵਿਖੇ ਇਹ ਕੇਂਦਰ ਖੋਲ ਕੇ ਅਸੀਂ ਆਪਣੇ ਖੇਤਰੀ ਵਿਕਾਸ ਦੇ ਨਾਲ ਨਾਲ ਵੱਖ ਵੱਖ ਸਥਾਨਾਂ ਤੇ ਲੋਕਾਂ ਨੂੰ ਜੀ.ਈ.ਆਈ ਦੀ ਗੁਣਵਤਾ ਤੇ ਵਿਸ਼ਵਾਸ਼ ਪ੍ਰਦਾਨ ਕਰਨ ਦਾ ਯਤਨ ਕੀਤਾ ਹੈ ਅਤੇ ਹੁਣ ਮੋਹਾਲੀ ਅਤੇ ਆਸਪਾਸ ਦੇ ਲੋਕਾਂ ਨੂੰ ਅੱਖਾਂ ਦੀਆਂ ਬਿਮਾਰੀਆਂ ਦਾ ਇਲਾਜ ਕਰਾਉਣਾ ਸਰਲ ਹੋਵੇਗਾ ਅਤੇ ਇਸ ਕੇਂਦਰ ਵਿੱਚ ਮਾਹਿਰ ਡਾਕਟਰ ਅੱਖਾਂ ਦੇ ਮਰੀਜ਼ਾਂ ਦੀਆਂ ਅੱਖਾਂ ਦੀ ਬਿਮਾਰੀਆਂ ਦਾ ਇਲਾਜ ਕਰਨਗੇ। ਕਿਉਂਕਿ ਇਸ ਕੇਂਦਰ ਵੱਲੋਂ ਆਪਣੀਆਂ ਉਚ ਪੱਧਰੀ ਅੱਖਾਂ ਦੀ ਦੇਖਭਾਲ ਸੇਵਾਵਾਂ ਨੂੰ ਰਿਆਇਤੀ ਦਰਾਂ ਤੇ ਦੇਣ ਦਾ ਫੈਸਲਾ ਕੀਤਾ ਹੈ। ਇਸ ਮੌਕੇ ਸ੍ਰੀ ਜੀ.ਪੀ.ਐਸ. ਭੁੱਲਰ ਐਸ.ਐਸ.ਪੀ, ਸ੍ਰੀ ਜਸਪਾਲ ਮਿੱਤਲ ਵਧੀਕ ਡਿਪਟੀ ਕਮਿਸ਼ਨਰ, ਸ੍ਰੀ ਆਰ.ਪੀ.ਐਸ. ਵਾਲੀਆ ਐਸ.ਡੀ.ਐਮ. ਤੋਂ ਇਲਾਵਾ ਹੋਰ ਉੱਚ ਅਧਿਕਾਰੀ ਵੀ ਮੌਜੂਦ ਸਨ।

ਸਰਕਾਰ ਦੀ ਅਧਿਆਪਕ ਵਿਰੋਧੀ ਸੋਚ ਦੀ ਸਖ਼ਤ ਨਿੰਦਾ

ਮੰਡੀ ਗੋਬਿੰਦਗੜ੍ਹ, 7 ਜਨਵਰੀ (ਵਿਪਨ ਬਾਂਸਲ)- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਨੇ ਸਰਕਾਰ ਦੀ ਅਧਿਆਪਕ ਵਿਰੋਧੀ ਸੋਚ ਦਾ ਸਖਤ ਸ਼ਬਦਾਂ ਵਿਚ ਵਿਰੋਧ ਕਰਦੇ ਹੋਏ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਨੂੰ ਹੋਕਾ ਦਿੱਤਾ ਕਿ ਉਹ ਸਕੂਲਾਂ ਦੇ ਗੇਟਾਂ 'ਤੇ ਬੈਠ ਕੇ ਲੋਕਾਂ ਨੂੰ ਸਰਕਾਰ ਦੀ ਗਲਤ ਨੀਤੀਆਂ ਤੋਂ ਜਾਣੂ ਕਰਵਾਉਣ। ਗੌਰਮਿੰਟ ਟੀਚਰ ਯੂਨੀਅਨ ਪੰਜਾਬ ਦੇ ਮੀਤ ਪ੍ਰਧਾਨ ਬਲਵੀਰ ਸਿੰਘ ਘੁੰਮਣ ਨੇ ਦੱਸਿਆਂ ਕਿ ਸਰਕਾਰ ਨੇ ਕਹਿਰ ਦੀ ਠੰਡ ਕਾਰਣ ਕੁਝ ਦਿਨਾਂ ਦੀ ਪ੍ਰਾਇਮਰੀ ਸਕੂਲਾਂ ਵਿਚ ਛੁੱਟੀ ਕਰ ਦਿੱਤੀ ਹੈ ਪ੍ਰੰਤੂ ਅਧਿਆਪਕਾਂ ਨੂੰ ਸਕੂਲਾਂ ਵਿਚ ਹਾਜ਼ਰ ਰਹਿਣ ਲਈ ਕਿਹਾ ਗਿਆ ਹੈ। ਸਰਕਾਰ ਦੇ ਇਸ ਤੁਗਲਗੀ ਫੈਸਲੇ ਤੋਂ ਸਰਕਾਰ ਦੀ ਅਧਿਆਪਕ ਵਿਰੋਧੀ ਸੋਚ ਸਪਸ਼ਟ ਹੁੰਦੀ ਹੈ। ਵਿਦਿਆਰਥੀਆਂ ਤੋਂ ਬਿਨ੍ਹਾਂ ਅਧਿਆਪਕਾਂ ਦਾ ਸਕੂਲ ਵਿਚ ਬੈਠਣਾ ਨਾ ਤਾਂ ਸਮਾਜਿਕ ਤੌਰ 'ਤੇ ਚੰਗਾ ਲਗਦਾ ਹੈ ਨਾ ਹੀ ਇਸ ਦਾ ਕੋਈ ਲਾਭ ਹੈ। ਕਈ ਸਕੂਲਾਂ ਵਿਚ ਇਕੱਲੀ ਲੇਡੀ ਅਧਿਆਪਕਾਂ ਹੀ ਹੁੰਦੀ ਹੈ ਜਿਸ ਦਾ ਸਕੂਲ ਵਿਚ ਸਾਰਾ ਦਿਨ ਬਿਨ੍ਹਾਂ ਕੰਮ ਤੋਂ ਬੈਠਣਾ ਬਿਲਕੁਲ ਚੰਗਾ ਨਹੀ ਲਗਦਾ। ਇਸ ਲਈ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਨੇ ਇਕ ਮਤੇ ਰਾਹੀਂ ਇਸ ਫੈਸਲੇ ਦੀ ਨਿਖੇਧੀ ਕਰਦੇ ਹੋਏ ਮੰਗ ਕੀਤੀ ਹੈ ਕਿ ਤੁਰੰਤ ਅਧਿਆਪਕਾਂ ਨੂੰ ਵੀ ਬੱਚਿਆਂ ਦੇ ਨਾਲ ਹੀ ਛੁੱਟੀਆਂ ਕੀਤੀਆਂ ਜਾਣ। ਜਥੇਬੰਦੀ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਅਧਿਆਪਕ ਗੇਟ ਤੇ ਬੈਠਿਆ ਕਰਨ ਤਾਂ ਕਿ ਸਰਕਾਰ ਦੇ ਅਧਿਆਪਕਾਂ ਵਿਰੋਧੀ ਅਤੇ ਸਿੱਖਿਆ ਵਿਰੋਧੀ ਫੈਸਲਿਆਂ ਨੂੰ ਲੋਕਾਂ ਵਿਚ ਪ੍ਰਚਾਰਿਆ ਜਾਵੇ।

ਵਿਜੀਲੈਂਸ ਵੱਲੋਂ 2 ਗਜ਼ਟਿਡ ਤੇ 10 ਨਾਨ ਗਜ਼ਟਿਡ ਅਧਿਕਾਰੀ ਕਾਬੂ

ਚੰਡੀਗੜ੍ਹ, 7 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਅਧੀਨ ਪਿਛਲੇ ਮਹੀਨੇ ਦੌਰਾਨ 2 ਗਜ਼ਟਿਡ ਤੇ 10 ਨਾਨ-ਗਜ਼ਟਿਡ ਅਧਿਕਾਰੀਆਂ ਨੂੰ ਰਿਸ਼ਵਤਖੋਰੀ ਦੇ ਵੱਖ-ਵੱਖ ਕੇਸਾਂ ਵਿੱਚ ਰੰਗੇ ਹੱਥੀਂ ਕਾਬੂ ਕੀਤਾ ਅਤੇ ਇਸੇ ਦੌਰਾਨ 7 ਨਾਨ ਗਜ਼ਟਿਡ ਅਧਿਕਾਰੀਆਂ ਸਮੇਤ 9 ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ। ਇਹ ਜਾਣਕਾਰੀ ਦਿੰਦੇ ਹੋਏ ਸ੍ਰੀ ਰਾਜਿੰਦਰ ਸਿੰਘ ਐੱਮ..ਪੀ.-ਕਮ-ਜਾਇੰਟ ਡਾਇਰੈਕਟਰ (ਪ੍ਰਸ਼ਾਸਨ) ਵਿਜੀਲੈਂਸ ਬਿਊਰੋ ਪੰਜਾਬ ਨੇ ਦੱਸਿਆ ਕਿ ਬਿਊਰੋ ਵੱਲੋਂ ਰਾਜ ਦੇ ਹਰੇਕ ਖੇਤਰ ਅਤੇ ਸਰਕਾਰੀ ਕਰਮਚਾਰੀਆਂ ਵਿੱਚੋਂ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ ਅਣਥੱਕ ਯਤਨ ਕੀਤੇ ਜਾ ਰਹੇ ਹਨ। ਇਸ ਦਿਸ਼ਾ ਵਿੱਚ ਵਿਜੀਲੈਂਸ ਅਧਿਕਾਰੀਆਂ ਨੇ ਧੋਖਾਧੜੀ ਦੇ ਮੁਕੱਦਮੇ, ਵਸੀਲਿਆਂ ਤੋਂ ਵੱਧ ਜਾਇਦਾਦ ਬਣਾਉਣ ਅਤੇ ਹੋਰ ਕਈ ਫੌਜਦਾਰੀ ਮਾਮਲੇ ਦਰਜ ਕੀਤੇ ਹਨ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਹੈ ਕਿ ਕੋਈ ਵੀ ਦੋਸ਼ੀ ਅਦਾਲਤੀ ਸਜ਼ਾ ਤੋਂ ਬਚ ਕੇ ਨਾ ਜਾ ਸਕੇ। ਉਨ੍ਹਾਂ ਦੱਸਿਆ ਕਿ ਨਵੰਬਰ ਮਹੀਨੇ ਦੌਰਾਨ 2 ਗਜ਼ਟਿਡ, 10 ਨਾਨ-ਗਜ਼ਟਿਡ ਅਧਿਕਾਰੀਆਂ ਨੂੰ ਰਿਸ਼ਵਤ ਲੈਣ ਦੇ ਵੱਖ-ਵੱਖ 8 ਕੇਸਾਂ ਵਿੱਚ ਰੰਗੇ ਹੱਥੀਂ ਕਾਬੂ ਕੀਤਾ ਗਿਆ, ਜਿਨ੍ਹਾਂ ਵਿੱਚ 2 ਗਜ਼ਟਿਡ ਅਧਿਕਾਰੀ ਸ੍ਰੀ ਰਮੇਸ਼ ਕੁਮਾਰ, ਪ੍ਰਿੰਸੀਪਲ ਸਰਕਾਰੀ ਆਰਟ ਐਂਡ ਕਰਾਫਟ ਟੀਚਰ ਟ੍ਰੇਨਿੰਗ ਇੰਸਟੀਚਿਊਟ ਅੰਮ੍ਰਿਤਸਰ ਅਤੇ ਸ੍ਰੀ ਰਮੇਸ਼ ਨਾਇਯਰ ਮੈਡੀਕਲ ਸੁਪਰਡੈਂਟ ਸਿਵਲ ਹਸਪਤਾਲ ਜਲੰਧਰ ਸ਼ਾਮਲ ਹਨ। ਇਸੇ ਸਮੇਂ ਦੌਰਾਨ ਵਿਜੀਲੈਂਸ ਬਿਊਰੋ ਨੇ ਸਰਕਾਰੀ ਕਰਮਚਾਰੀਆਂ ਵਿਰੁੱਧ ਦੋਸ਼ਾਂ ਦੀ ਪੜਤਾਲ ਲਈ 4 ਫੌਜਦਾਰੀ ਮਾਮਲੇ ਅਤੇ ਜਾਣੂ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦਾ ਇੱਕ ਕੇਸ ਦਰਜ ਕੀਤਾ ਹੈ। ਹੋਰ ਵੇਰਵੇ ਦਿੰਦੇ ਹੋਏ ਉਨ੍ਹਾਂ ਦੱਸਿਆ ਕਿ ਵਿਸ਼ੇਸ਼ ਅਦਾਲਤਾਂ ਵੱਲੋਂ ਦਸੰਬਰ ਮਹੀਨੇ ਦੌਰਾਨ 7 ਨਾਨ ਗਜ਼ਟਿਡ ਅਧਿਕਾਰੀਆਂ ਸਮੇਤ 3 ਪ੍ਰਾਈਵੇਟ ਵਿਅਕਤੀਆਂ ਨੂੰ 9 ਵੱਖ-ਵੱਖ ਵਿਜੀਲੈਂਸ ਕੇਸਾਂ ਵਿੱਚ ਦੋਸ਼ੀ ਪਾਇਆ ਗਿਆ ਅਤੇ ਇੱਕ ਤੋਂ ਤਿੰਨ ਸਾਲ ਤੱਕ ਦੀਆਂ ਸਜ਼ਾਵਾਂ ਸੁਣਾਈਆਂ ਗਈਆਂ।

9 ਦੋਸ਼ੀਆਂ ਨੂੰ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਸਜ਼ਾ

ਅਹਿਮ ਲੋਕਾਂ ਸੰਬੰਧਿਤ ਕੇਸਾਂ ਦੀ ਜਾਣਕਾਰੀ 12 ਜਨਵਰੀ ਤੱਕ ਦਿਓ

ਚੰਡੀਗੜ੍ਹ, 7 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਰੁਚਿਕਾ ਮਾਮਲੇ ਵਿੱਚ ਹੋਈ ਦੇਰੀ ਨੂੰ ਦੇਖਦੇ ਹੋਏ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਦੋਹਾਂ ਸੂਬਾ ਸਰਕਾਰ ਸਾਹਿਤ ਚੰਡੀਗੜ੍ਹ ਪ੍ਰਸ਼ਾਸਨ ਨੂੰ ਪ੍ਰਭਾਵਸ਼ਾਲੀ ਰਾਜਨੇਤਾਵਾਂ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਅਹੁਦਿਆਂ ਨੂੰ ਜਲਦ ਨਿਪਟਾਉਣ ਲਈ ਸਾਰੇ ਅਹਿਮ ਲੋਕਾਂ ਨਾਲ ਸੰਬੰਧਤ ਕੇਸਾਂ ਦੀ ਜਾਣਕਾਰੀ 12 ਜਨਵਰੀ ਤੱਕ ਉਪਲੱਬਧ ਕਰਾਉਣ ਲਈ ਕਿਹਾ ਹੈ। ਹਾਈ ਕੋਰਟ ਦੇ ਇਸ ਆਦੇਸ਼ ਨਾਲ ਦੋਹਾਂ ਸੂਬਿਆਂ ਵਿੱਚ ਹਲਚਲ ਮੰਚ ਗਈ ਹੈ। ਪੰਜਾਬ ਦੇ ਕੋਈ ਡੇਢ ਦਰਜਨ ਦੇ ਕਰੀਬ ਆਈ.ਏ.ਐੱਸ. ਤੇ ਇੱਕ ਦਰਜਨ ਦੇ ਕਰੀਬ ਆਈ.ਪੀ.ਐੱਸ. ਅਧਿਕਾਰੀਆਂ ਦੀ ਹਾਈਕੋਰਟ ਦੇ ਇਸ ਆਦੇਸ਼ ਨਾਲ ਨੀਂਦ ਉਡ ਗਈ ਹੈ।

ਪਿੰਡ ਬਨਵਾਲੀਪੁਰ ਵਿਖੇ ਫਰੀ ਮੈਡੀਕਲ ਕੈਂਪ ਲਗਾਇਆ

ਸਰਹਾਲੀ ਕਲਾਂ, 7 ਜਨਵਰੀ (ਪ.ਪ.)-ਗੁਰਦੁਆਰਾ ਗੁਰਮੁਖਸਰ ਪਿੰਡ ਬਨਵਾਲੀਪੁਰ ਵਿਖੇ ਫਰੀ ਮੈਡੀਕਲ ਕੈਂਪ ਲਗਾਇਆ ਗਿਆ,ਜਿਸ ਵਿੱਚ ਵੱਖ-ਵੱਖ ਬਿਮਾਰੀਆਂ ਦੇ ਮਾਹਿਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਚੈੱਕਅੱਪ ਕਰਕੇ ਉਨ੍ਹਾਂ ਨੂੰ ਫਰੀ ਦਵਾਈਆਂ ਦਿੱਤੀਆਂ ਗਈਆਂ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਬਨਵਾਲੀਪੁਰ ਦੇ ਸਰਪੰਚ ਸਵਰਨ ਸਿੰਘ ਅਤੇ ਕਾਂਗਰਸ ਦੇ ਸੀਨੀਅਰ ਮੀਤ ਪ੍ਰਧਾਨ ਬਖਸ਼ੀਸ਼ ਸਿੱਘ ਬਨਵਾਲੀਪੁਰ ਦੀ ਰਹਿਨੁਮਾਈ ਹੇਠ ਅੱਜ ਇਲਾਕਾ ਨਿਵਾਸੀਆਂ ਦੇ ਸਹਿਯੋਗ ਸਦਕਾ ਗੁਰਦੁਆਰਾ ਗੁਰਮੁਖਸਰ ਵਿਖੇ ਫਰੀ ਮੈਡੀਕਲ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਅੱਖਾਂ ਦੇ ਮੁਫਤ ਕੈਂਪ, ਕੈਨੇਜਿਨ ਆਈ ਸਾਈਟ ਗੁਰਚੇਤ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸਾਹਿਬ ਮਾਤਾ ਸੁਲੱਖਣੀ ਆਈ ਹਸਪਤਾਲ ਸੁਸਾਇਟੀ ਤਰਨ ਤਾਰਨ ਵੱਲੋਂ ਫਰੀ ਆਯੋਜਨ ਕੈਂਪ ਲਗਾਇਆ ਗਿਆ। ਜਿਸ ਵਿੱਚ ਡਾ. ਅਰਜਿੰਦਰ ਸਿੰਘ, ਡਾ. ਰਣਜੀਤ ਸਿੰਘ, ਡਾ.ਅਮਰਜੀਤ ਸਿੰਘ ਜੱਬਡ, ਅਨੂਪ ਸਿੰਘ ਜੱਬਡ ਕੈਨੇਡੀਅਨ ਪ੍ਰਧਾਨ, ਡਾ. ਜਸਵੰਤ ਸਿੰਘ ਬਨਵਾਲੀਪੁਰ ਦੇ ਸਹਿਯੋਗ ਨਾਲ ਇਹ ਕੈਂਪ ਲਗਾਇਆ ਗਿਆ। ਜਿਸ ਵਿੱਚ300 ਮਰੀਜ਼ਾਂ ਦਾ ਚੈੱਕ ਅੱਪ ਕੀਤਾ ਗਿਆ ਅਤੇ 25-30 ਮਰੀਜ਼ਾਂ ਨੂੰ ਅੱਖਾਂ ਦੇ ਫਰੀ ਅਪ੍ਰੇਸ਼ਨ ਵਾਸਤੇ ਡਾ. ਭੁਪਿੰਦਰ ਸਿੰਘ, ਨਿਰਮਲਜੋਤ ਅੱਖਾਂ ਦਾ ਹਸਪਤਾਲ ਅੰਮ੍ਰਿਤਸਰ ਵਿਖੇ ਅਪ੍ਰੇਸ਼ਨ ਲਈ ਦਾਖਲ ਕੀਤਾ ਗਿਆ।

ਇਸ ਮੌਕੇ ਪਿੰਡ ਦੀ ਪੰਚਾਇਤ ਵੱਲੋਂ ਆਏ ਹੋਏ ਡਾਕਟਰਾਂ ਦੀ ਟੀਮ ਦਾ ਧੰਨਵਾਦ ਕੀਤਾ ਗਿਆ ਅਤੇ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਪੀਟਰ ਵਰਗੀਸ ਨੇ ਮਨੀਸ਼ ਤਿਵਾੜੀ ਨੂੰ ਮਿਲ ਕੇ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਬਾਰੇ ਚਰਚਾ ਕੀਤੀ

ਚੰਡੀਗੜ੍ਹ, 7 ਜਨਵਰੀ (ਅ.ਬ.)- ਲੁਧਿਆਣਾ ਤੋਂ ਲੋਕ ਸਭਾ ਦੇ ਮੈਂਬਰ ਅਤੇ ਕਾਂਗਰਸ ਦੇ ਕੌਮੀ ਬੁਲਾਰੇ ਮਨੀਸ਼ ਤਿਵਾੜੀ ਦੇ ਦਫਤਰ ਵਿਖੇ ਅੱਜ ਖੁਦ ਆਸਟ੍ਰੇਲੀਅਨ ਹਾਈ ਕਮਿਸ਼ਨਰ ਪੀਟਰ ਵਰਗੀਸ ਆਏ ਅਤੇ ਆਸਟ੍ਰੇਲੀਆ ਵਿਚ ਪੜ੍ਹਦੇ ਭਾਰਤੀ ਵਿਦਿਆਰਥੀਆ ਦੀ ਸੁਰੱਖਿਆ ਯਕੀਨੀ ਬਨਾਉਣ ਲਈ ਆਸਟ੍ਰੇਲੀਆ ਦੀ ਸਰਕਾਰ ਨੇ ਜਿਹੜੇ ਕਦਮ ਚੁੱਕੇ ਹਨ, ਉਨ੍ਹਾਂ ਦੀ ਚਰਚਾ ਕੀਤੀ। ਉਨ੍ਹਾਂ ਨਾਲ ਵਿਚਾਰ ਵਿਟਾਂਦਰਾ ਕਰਦੇ ਹੋਏ ਸ੍ਰੀ ਤਿਵਾੜੀ ਨੇ ਕਿਹਾ ਕਿ ਨਿਤਿਨ ਗਰਗ ਦੇ ਕਤਲ ਤੋਂ ਬਾਅਦ ਸਮੁੱਚੇ ਭਾਰਤ ਵਿਚ ਇਕ ਸ਼ੋਕ ਦੀ ਲਹਿਰ ਹੈ ਅਤੇ ਉੱਥੇ ਪੜ੍ਹਦੇ ਬੱਚਿਆਂ ਦੇ ਮਾਤਾ-ਪਿਤਾ ਆਪਣੇ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਬਹੁਤ ਹੀ ਚਿੰਤਤ ਹਨ ਸ੍ਰੀ ਤਿਵਾੜੀ ਨੇ ਕਿਹਾ ਕਿ ਇਕ ਹਫਤੇ ਵਿਚ ਦੋ ਭਾਰਤੀ ਵਿਦਿਆਰਥੀਆਂ ਦਾ ਕਤਲ ਹੋਣ ਨਾਲ ਭਾਰਤੀ ਵਿਦਿਆਰਥੀਆਂ ਵਿਰੁੱਧ ਨਸਲੀ-ਹਿੰਸਾ ਦਾ ਪੱਖ ਉਜਾਗਰ ਹੁੰਦਾ ਹੈ ਜੋ ਕਿ ਬਹੁਤ ਹੀ ਚਿੰਤਾ ਪੂਰਨ ਅਤੇ ਦੁਖਦਾਈ ਹੈ। ਆਸਟ੍ਰੇਲੀਅਨ ਹਾਈ ਕਮਿਸ਼ਨਰ ਪੀਟਰ ਵਰਗੀਸ ਨੇ ਦੱਸਿਆ ਕਿ ਉਨ੍ਹਾਂ ਨੂੰ ਕੱਲ ਉਨ੍ਹਾਂ ਦੇ ਦਫਤਰ ਵਿਚ ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਵੀ ਮਿਲਣ ਆਏ ਸਨ ਜੋ ਕਿ ਮਨੀਸ਼ ਤਿਵਾੜੀ ਮੈਂਬਰ ਪਾਰਲੀਮੈਂਟ ਨੇ ਬੜੇ ਲੰਮੇ ਸਮੇਂ ਤੋਂ ਇਹ ਮੁੱਦਾ ਭਾਰਤ ਸਰਕਾਰ, ਆਸਟ੍ਰੇਲੀਆ ਦੀ ਸਰਕਾਰ ਅਤੇ ਆਸਟ੍ਰੇਲੀਅਨ ਹਾਈ ਕਮਿਸ਼ਨਰ ਨਾਲ ਚੁੱਕਿਆ ਹੋਇਆ ਹੈ। ਇਸ ਲਈ ਪੀਟਰ ਵਰਗੀਸ ਨੇ ਆਪਣਾ ਫਰਜ ਸਮਝਦੇ ਹੋਏ ਖੁਦ ਚੱਲ ਕੇ ਮਨੀਸ਼ ਤਿਵਾੜੀ ਨੂੰ ਮਿਲਣ ਆਏ ਹਨ ਤਾਂ ਜੋ ਉਨ੍ਹਾਂ ਦੁਆਰਾ ਚੁੱਕੇ ਹੋਏ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਬਾਰੇ ਉਨ੍ਹਾਂ ਨੂੰ ਜਾਣਕਾਰੀ ਦਿੱਤੀ ਜਾਵੇ। ਇਸ ਮੌਕੇ ਸ੍ਰੀ ਵਰਗੀਸ ਨੇ ਤਿਵਾੜੀ ਨੂੰ ਇਹ ਦੱਸਦੇ ਹੋਏ ਕਿਹਾ ਕਿ ਜੋ ਵੀ ਵਿਅਕਤੀ ਇਸ ਹਿੰਸਕ ਘਟਨਾ ਲਈ ਜਿੰਮੇਵਾਰ ਹਨ, ਉਨ੍ਹਾਂ ਨੂੰ ਛੇਤੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ ਅਤੇ ਬਣਦੀ ਸਜਾ ਦਿੱਤੀ ਜਾਵੇਗੀ। ਇਸ ਮੌਕੇ ਸ੍ਰੀ ਵਰਗੀਸ ਨੇ ਇਹ ਕਿਹਾ ਕਿ ਭਾਰਤੀ ਅਤੇ ਭਾਰਤੀ ਵਿਦਿਆਰਥੀ ਹਮੇਸ਼ਾ ਹੀ ਆਸਟ੍ਰੇਲੀਅਨ ਵਾਸੀਆਂ ਵਲੋਂ ਬੜੇ ਹੀ ਆਦਰ ਨਾਲ ਉੱਥੇ ਆਉਣ ਲਈ ਨਿਮੰਤਰਤ ਹਨ ਅਤੇ ਇਹ ਹਿੰਸਾ ਦਾ ਦੌਰ ਜੋ ਕਿ ਕੁਝ ਸ਼ਰਾਰਤੀ ਅਨਸਰਾਂ ਵਲੋਂ ਭੜਕਾਇਆ ਜਾ ਰਿਹਾ ਹੈ, ਉਸ ਤੇ ਛੇਤੀ ਹੀ ਠੱਲ ਪਾ ਲਈ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਇਹ ਸਾਰੇ ਮੁੱਦੇ ਆਸਟ੍ਰੇਲੀਆ ਦੀ ਸਰਕਾਰ ਨੇ ਬੜੀ ਹੀ ਗੰਭੀਰਤਾ ਨਾਲ ਲਏ ਹਨ ਅਤੇ ਭਵਿੱਖ ਵਿਚ ਇਹੋ ਜਿਹੀ ਦੁਖਾਂਤ ਘਟਨਾ ਨਾ ਹੋਵੇ, ਉਸ ਲਈ ਉਚੇਚੇ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਨੇ ਮਨੀਸ਼ ਤਿਵਾੜੀ ਵਲੋਂ ਇਸ ਸਾਰੀ ਘਟਨਾ ਵਿਚ ਅਹਿਮ ਭੂਮਿਕਾ ਨਿਭਾਉਣ ਦੀ ਵੀ ਚਰਚਾ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦੁਆਇਆ ਕਿ ਉਹ ਉਨ੍ਹਾਂ ਵਲੋਂ ਚੁੱਕੇ ਹੋਏ ਹਰ ਮੁੱਦੇ ਤੇ ਗੰਭੀਰਤਾ ਨਾਲ ਵਿਚਾਰ ਕਰਕੇ ਲੋੜੀਂਦੇ ਕਦਮ ਚੁੱਕਣਗੇ।

ਮੁਫ਼ਤ ਮੈਡੀਕਲ ਜਾਂਚ ਕੈਂਪ ਵਿਚ 125 ਮਰੀਜ਼ਾਂ ਦੀ ਜਾਂਚ

ਮੁਹਾਲੀ 7 ਜਨਵਰੀ (ਵੀਨਾ ਰਾਜਪੂਤ) ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਚੈਰੀਟੇਬਲ ਟਰੱਸਟ ਸੋਹਾਣਾ ਦੇ ਹਸਪਤਾਲ ਵੱਲੋਂ ਅੱਜ ਸੀ. ਟੀ. ਯੂ. ਵਰਕਸ਼ਾਪ ਵਿਚ ਇਕ ਵਿਸ਼ਾਲ ਮੁਫ਼ਤ ਮੈਡੀਕਲ ਅਤੇ ਅੱਖਾਂ ਦਾ ਜਾਂਚ ਕੈਂਪ ਲਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹਸਪਤਾਲ ਦੇ ਮੈਨੇਜਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿਚ ਡਾ. ਗੁਰਮੀਤ ਪੂਨੀਆਂ ਨੇ ਵਰਕਰਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਰੋਜ਼ਾਨਾ ਦੀਆਂ ਸਿਹਤ ਦੀਆਂ ਬਿਮਾਰੀਆਂ ਤੋਂ ਜਾਣੂ ਕਰਾਇਆ। ਇਸ ਮੌਕੇ ਚਿੱਟੇ ਮੋਤੀਏ ਦੇ ਮਰੀਜ਼ਾਂ ਨੂੰ ਹਸਪਤਾਲ ਵਿਖੇ ਇਲਾਜ਼ ਲਈ ਬੁਲਾਇਆ ਗਿਆ ਹੈ। ਇਸ ਮੈਡੀਕਲ ਜਾਂਚ ਕੈਂਪ ਵਿਚ ਸਾਰੇ ਮਰੀਜ਼ਾ ਨੂੰ ਸੋਹਾਣਾਹਸਪਤਾਲ ਵੱਲੋਂ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ ਅਤੇ ਜ਼ਰੂਰਤਮੰਦਾਂ ਨੂੰ ਘੱਟ ਖਰਚੇ ਤੇ ਇਲਾਜ਼ ਕਰਾਉਣ ਲਈ ਹਸਪਤਾਲ ਬੁਲਾਇਆ ਗਿਆ ਹੈ। ਇਸ ਮੌਕੇ ਮੁਫ਼ਤ ਮੈਡੀਕਲ ਜਾਂਚ ਕੈਂਪ ਵਿਚ 125 ਮਰੀਜ਼ਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਦਵਿੰਦਰਪਾਲ ਸਿੰਘ ਆਦਿ ਤੋਂ ਇਲਾਵਾ ਹੋਰ ਸੋਹਾਣਾ ਹਸਪਤਾਲ ਦੇ ਮੈਂਬਰ ਹਾਜ਼ਰ ਸਨ।

ਕਾਂਗਰਸ ਨੇ ਪ੍ਰਸ਼ਾਸ਼ਨਿਕ ਸੁਧਾਰਾਂ ਵੱਲ ਕੋਈ ਧਿਆਨ ਨਹੀਂ ਦਿੱਤਾ - ਪ੍ਰੋ. ਸਰਚਾਂਦ, ਸੇਖੋਂ

ਪ੍ਰਸ਼ਾਸਨਿਕ ਸੁਧਾਰਾਂ ਲਈ ਅਮ੍ਰਿਤਸਰ ਜਿਲ੍ਹੇ 'ਚ ਚਾਲੂ ਮਾਡਲ ਨੂੰ ਅਪਣਾਉਣ 'ਤੇ ਜ਼ੋਰ

ਮਜੀਠਾ, 7 ਜਨਵਰੀ (ਪ.ਪ.)- ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਅਮ੍ਰਿਤਸਰ ਦਿਹਾਤੀ ਦੇ ਮੀਡੀਆ ਇੰਚਾਰਜ ਪ੍ਰੋ: ਸਰਚਾਂਦ ਸਿੰਘ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ (ਮਹਿਤਾ) ਦੇ ਜਨਰਲ ਸੱਕਤਰ ਲਖਬੀਰ ਸਿੰਘ ਸੇਖੋਂ ਨੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਪ੍ਰਧਾਨ ਸ: ਸੁਖਬੀਰ ਸਿੰਘ ਬਾਦਲ ਵਲੋਂ ਮੌਜੂਦਾ ਸਾਲ 2010 'ਚ ਪ੍ਰਸ਼ਾਸਨਿਕ ਕਾਰਜ ਪ੍ਰਣਾਲੀ ਨੂੰ ਲੋਕ ਪੱਖੀ ਬਣਾਉਣ ਲਈ ਇਸ ਵਿਚ ਵਿਆਪਕ ਸੁਧਾਰ ਲਿਆਉਣ ਲਈ ਕੀਤੇ ਗਏ ਐਲਾਨ ਦਾ ਭਰਪੂਰ ਸਵਾਗਤ ਕਰਦਿਆਂ ਕਿਹਾ ਕਿ ਇਸ ਐਲਾਨ ਨਾਲ ਰਾਜ ਦੇ ਲੋਕਾਂ ਨੇ ਰਾਹਤ ਮਹਿਸੂਸ ਕੀਤਾ ਹੈ। ਉਹਨਾਂ ਇਸ ਪੱਤਰਕਾਰ ਨਾਲ ਗਲ ਕਰਦਿਆਂ ਉਹਨਾਂ ਕਾਂਗਰਸ ਪਾਰਟੀ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਕਾਂਗਰਸ ਨੇ ਲੰਮਾ ਸਮਾਂ ਰਾਜ ਕਰਨ ਦੇ ਬਾਵਜੂਦ ਪ੍ਰਸ਼ਾਸਨਿਕ ਸੁਧਾਰਾਂ ਵੱਲ ਕੋਈ ਧਿਆਨ ਨਹੀਂ ਦਿਤਾ ਜਿਸ ਕਾਰਨ ਦੇਸ਼ ਨੂੰ ਅਜਾਦੀ ਦੇ 72 ਸਾਲਾਂ ਵਿਚ ਵੀ ਗਰੀਬੀ, ਅਨਪੜ੍ਹਤਾ, ਬੇਰੁਜਗਾਰੀ ਅਤੇ ਭ੍ਰਿਸ਼ਟਾਚਾਰ ਤੋਂ ਮੁਕਤੀ ਨਹੀਂ ਮਿਲ ਸਕੀ। ਉਹਨਾਂ ਕਿਹਾ ਕਿ ਪ੍ਰਸ਼ਾਸਨਿਕ ਪ੍ਰਣਾਲੀ ਵਿਚ ਸੁਧਾਰ ਹੋਣ ਨਾਲ ਆਰਥਿਕ ਦਸ਼ਾ ਵਿਚ ਵੀ ਵਿਆਪਕ ਸੁਧਾਰ ਹੋਵੇਗਾ ਅਤੇ ਵਿੱਤੀ ਵਿਵਸਥਾ ਫਿਰ ਤੋਂ ਲੀਹੇ ਪਵੇਗਾ। ਉਹਨਾਂ ਕਿਹਾ ਕਿ ਰਾਜ ਦੇ ਲੋਕਾਂ ਨੂੰ ਪ੍ਰਸ਼ਾਸਨਿਕ ਕੰਮਾਂ ਵਿਚ ਕੋਈ ਮੁਸ਼ਕਿਲ ਨਾ ਆ ਵੇ ਇਸ ਲਈ ਜਰੂਰੀ ਹੈ ਕਿ ਜਿਥੇ ਰਾਜ ਵਿਚ ਭ੍ਰਿਸ਼ਟਾਚਾਰ ਰਹਿਤ ਤੇ ਪਾਰਦਰਸ਼ੀ ਸਿਹਤਮੰਦ ਢਾਂਚਾ ਉਸਾਰਿਆ ਜਾਵੇਗਾ ਉਥੇ ਰਾਜ ਦੀ ਅਧਿਕਾਰੀਆਂ ਤੇ ਕਰਮਚਾਰੀਆਂ ਵਿਚ ਆਪਣੇ ਕੰਮ ਪ੍ਰਤੀ ਪ੍ਰਤੀਬੱਧਤਾ ਅਤੇ ਇਮਾਨਦਾਰੀ ਨੂੰ ਅਮਲ ਵਿਚ ਲਿਆਉਣ ਅਤੇ ਸਰਕਾਰੀ ਮਸ਼ੀਨਰੀ ਨੂੰ ਆਪਣੇ ਫਰਜਾਂ ਅਤੇ ਆਮ ਲੋਕਾਂ ਪ੍ਰਤੀ ਜਵਾਬ ਦੇਹੀ ਨੂੰ ਲਾਜਮੀ ਬਣਾਉਣਾ ਚਾਹੀਦਾ ਹੈ। ਪ੍ਰੋ: ਸਰਚਾਂਦ ਸਿੰਘ ਨੇ ਅਮ੍ਰਿਤਸਰ ਜਿਲ੍ਹਾ ਪ੍ਰਸ਼ਾਸਨ ਵਲੋਂ ਜਿਲ੍ਹੇ ਦੇ ਪ੍ਰਸ਼ਾਸਨਿਕ ਤੰਤਰ ਵਿਚ ਸੁਧਾਰ ਲਿਆਉਣ ਲਈ ਬੀਤੇ ਸਮੇਂ ਤੋਂ ਚੁੱਕੇ ਗਏ ਸਾਰਥਿਕ ਕਦਮਾਂ ਦੀ ਸ਼ਲਾਘਾ ਕਰਦਿਆਂ ਸਰਕਾਰ ਨੂੰ ਜਿਲ੍ਹਿਆਂ ਦੇ ਪ੍ਰਸ਼ਾਸਨਿਕ ਸੁਧਾਰਾਂ ਲਈ ਅਮ੍ਰਿਤਸਰ ਜਿਲ੍ਹਾ ਪ੍ਰਸ਼ਾਸਨ ਵਲੋਂ ਸ਼ੁਰੂ ਕੀਤੇ ਸਿਹਤਮੰਦ ਸੁਧਾਰਾਂ ਨੂੰ ਇਕ ਮਾਡਲ ਵਜੋਂ ਅਪਣਾਉਣ ਦਾ ਸੁਝਾਅ ਦਿਤਾ। ਅਖੀਰ 'ਚ ਉਹਨਾਂ ਭ੍ਰਿਸ਼ਟਾਚਾਰ ਰਹਿਤ ਅਤੇ ਸਿਹਤਮੰਦ ਪ੍ਰਸ਼ਾਸਨਿਕ ਢਾਂਚੇ ਦੀ ਉਸਾਰੀ ਲਈ ਸਰਕਾਰ ਨੂੰ ਸਹਿਯੋਗ ਦੇਣ ਲਈ ਲੋਕਾਂ ਨੂੰ ਅਪੀਲ ਕੀਤੀ। ਇਸ ਮੌਕੇ ਸਰਪੰਚ ਗੁਰਜੀਤ ਸਿੰਘ ਵਡਾਲਾ, ਸ਼ਿਸ਼ਪਾਲ ਸਿੰਘ ਮੀਰਾਂਕੋਟ, ਬਲਜਿੰਦਰ ਸਿੰਘ ਮੀਰਾਂਕੋਟ, ਸਰਪੰਚ ਜਸਵਿੰਦਰ ਸਿੰਘ ਡਰੀਲੀ, ਸੋਨੂੰ ਨਾਰਨੀ, ਰੇਸ਼ਮ ਸਿੰਘ ਨਵਾਦਾ ਤੇ ਮਨਜੀਤ ਸਿੰਘ ਕੋਟਲਾ ਆਦਿ ਆਗੂ ਵੀ ਹਾਜ਼ਰ ਸਨ।

ਗੱਲਬਾਤ ਕਰਦੇ ਹੋਏ ਅਕਾਲੀ ਦਲ ਦੇ ਜਿਲ੍ਹਾ ਮੀਡੀਆ ਇੰਚਾਰਜ ਪ੍ਰੋ:ਸਰਚਾਂਦ ਸਿੰਘ ਫੈਡਰੇਸ਼ਨ ਆਗੂ ਲਖਬੀਰ ਸਿੰਘ ਸੇਖੋਂ ਤੇ ਹੋਏ।

ਕੁਵੈਤ ਵਿੱਚ ਗੁਰੂ ਗੋਬਿੰਦ ਸਿੰਘ ਜੀ ਆਗਮਨ ਪੁਰਬ ਮਨਾਇਆ ਗਿਆ

ਕੁਵੈਤ, 7 ਜਨਵਰੀ (ਅ.ਬ.)- ਖਾੜੀ ਦੇ ਦੇਸ਼ ਕੁਵੈਤ ਵਿੱਚ ਵੱਸਦੀਆਂ ਸਮੂਹ ਸੰਗਤਾਂ ਨੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਵਸ ਬੜੀ ਸ਼ਰਧਾ ਅਤੇ ਪਿਆਰ ਨਾਲ ਮਨਾਇਆ। ਇਸ ਸਬੰਧ ਵਿੱਚ ਸ. ਗੁਰਵਿੰਦਰ ਸਿੰਘ (ਨੀਟੂ ਸਾਹਨੀ) ਦੇ ਘਰ ਵਿੱਚ ਸਵੇਰੇ 5 ਵਜੇ ਸ੍ਰੀ ਆਖੰਡ ਪਾਠ ਸਾਹਿਬ ਦੂਰ ਨੇੜਿਓਂ ਪਹੁੰਚੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ ਅਤੇ ਸਤਿਗੁਰੂ ਜੀ ਦੇ ਮੁਕੱਦਸ ਚਰਨਾਂ ਤੇ ਮੱਥਾ ਟੇਕਿਆ। ਜਿਸ ਵਿੱਚ ਭਾਈ ਅਮਨਦੀਪ ਸਿੰਘ ਜੀ ਦਾ ਰਾਗੀ ਜੱਥਾ ਅਤੇ ਸਥਾਨਕ ਰਾਗੀ ਜੱਥਿਆਂ ਅਤੇ ਛੋਟੇ-ਛੋਟੇ ਬੱਚਿਆਂ ਨੇ ਸ਼ਬਦ ਕੀਰਤਨ ਕੀਤਾ। ਜਿਸ ਨੂੰ ਹਾਜ਼ਰੀਨ ਸੰਗਤਾਂ ਨੇ ਬਹੁਤ ਸਲਾਹਿਆ।

ਜੀ ਦੇ ਭੋਗ ਪਾਏ ਗਏ ਉਪਰੰਤ ਸ਼ਬਦ ਗੁਰਬਾਣੀ ਦੇ ਕੀਰਤਨ ਹੋਏ। ਕਾਰੋਬਾਰੀ ਸੰਗਤਾਂ ਦੀ ਸੁਵਿਧਾ ਨੂੰ ਮੁੱਖ ਰੱਖਦਿਆਂ ਉਸੇ ਦਿਨ ਸ਼ਾਮ ਨੂੰ ਇੰਡੀਅਨ ਸਕੂਲ ਸਾਲਮੀਆਂ ਦੇ ਖੁੱਲ੍ਹੇ ਹਾਲ ਵਿੱਚ ਵਿਸ਼ੇਸ਼ ਤੌਰ 'ਤੇ ਸਜਾਏ ਗਏ ਹਾਲ ਵਿੱਚ ਸ਼ਾਮ ਨੂੰ 6 ਤੋਂ 8-30 ਵਜੇ ਤੱਕ ਗੁ. ਪ੍ਰ. ਕਮੇਟੀ, ਵੱਲੋਂ ਸਰਵ-ਰੇ-ਕਾਇਨਾਤ, ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਹਜ਼ੂਰੀ ਵਿੱਚ ਵਿਸ਼ਾਲ ਦੀਵਾਨ ਸਜਾਏ।

ਕੁਵੈਤ ਸੰਗਤਾਂ ਦੀ ਪੁਰਾਣੇ ਲੰਮੇ ਸਮੇਂ ਤੋਂ ਚੱਲੀ ਆ ਰਹੀ ਰਵਾਇਤ ਮੁਤਾਬਿਕ ਪ੍ਰਕਾਸ਼ ਦਿਵਸ ਤੋਂ ਪੰਜ ਦਿਨ ਪਹਿਲਾਂ ਹੀ ਸ. ਨੀਟੂ ਸਾਹਨੀ ਦੇ ਘਰ ਦੇ ਵਿੱਚ ਕੀਰਤਨ ਦੀਵਾਨ ਸਜਾਏ ਤੇ ਵਿਸ਼ੇਸ਼ ਸੱਦੇ ਤੇ ਪਹੁੰਚੇ ਭਾ. ਅਮਨਦੀਪ ਸਿੰਘ ਜੀ ਮਾਤਾ ਕੌਲਾ ਜੀ ਭਲਾਈ ਕੇਂਦਰ ਅੰਮ੍ਰਿਤਸਰ ਵਾਲਿਆਂ ਦੇ ਰਾਗੀ ਜੱਥੇ ਵੱਲੋਂ ਰਸਭਰਪੂਰ ਕੀਰਤਨ ਕੀਤਾ ਗਿਆ। ਭਾ. ਸਾਹਿਬ ਜੀ ਨੇ ਪ੍ਰਕਾਸ਼ ਦਿਵਸ ਦੇ ਇਤਿਹਾਸਕ ਦਿਹਾੜੇ ਦੀ ਪ੍ਰਸੰਗਿਕ ਵਿਆਖਿਆ ਕਰਦਿਆਂ ਗੁਰੂ ਵਾਲੇ ਬਣਨ ਅਤੇ ਨਾਮ ਬਾਣੀ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ ਅਤੇ ਪ੍ਰਮੇਸ਼ਰ ਦੀ ਬੰਦਗੀ ਹੀ ਜੀਵਨ ਦਾ ਅਸਲੀ ਮਨੋਰਥ ਦੱਸਿਆ। ਰਾਗੀ ਜੱਥੇ ਦੇ ਮੈਂਬਰਾਂ ਭਾਈ ਅਮਿਤੇਸ਼ਵਰ ਸਿੰਘ, ਅਵਤਾਰ ਸਿੰਘ, ਮਨਮੀਤ ਸਿੰਘ, ਹਰਮੀਤ ਸਿੰਘ ਆਦਿਕ ਨੇ ਸੰਗੀਤ ਦੀਆਂ ਬੰਦਿਸ਼ਾਂ ਤੇ ਬਰੀਕੀਆਂ ਨੂੰ ਨਿਭਾਉਂਦਿਆਂ ਸੁਰਤਾਲ ਦੀ ਖੂਬ ਅਦਾਇਗੀ ਕੀਤੀ। ਦੂਰ ਨੇੜਿਓਂ ਵੱਡੀ ਗਿਣਤੀ ਵਿੱਚ ਆਈਆਂ ਸੰਗਤਾਂ ਨੇ ਸਭਦ ਗੁਰੂ ਦੇ ਚਰਨਾਂ ਤੇ ਨਤਮਸਤਕ ਹੁੰਦਿਆਂ ਅਕੀਗਤ ਪੇਸ਼ ਕੀਤੀ ਅਤੇ ਕੀਰਤਨ ਦਾ ਆਨੰਦ ਮਾਣਿਆ। ਮੁੱਖ ਸੇਵਾਦਾਰ ਭਾ. ਤਰਨਬੀਰ ਸਿੰਘ ਨੇ ਸਟੇਜ ਦੀ ਸੇਵਾ ਦੀ ਭਾਵਪੂਰਤ ਅਲਫਾਜ਼ਾਂ ਰਾਹੀਂ ਬਾਖੂਬੀ ਨਿਭਾਈ ਅਤੇ ਦੀਵਾਨ ਹਾਲ ਦੀਆਂ ਸੇਵਾਵਾਂ ਨੂੰ ਤਰਤੀਬਵਾਰ ਕਰਦਿਆਂ ਸ਼ਬਦ ਗੁਰੂ ਦੇ ਚਰਨਾਂ ਵਿੱਚ ਅਕੀਗਤ ਪੇਸ਼ ਕੀਤੀ। ਸ. ਮਨਮੋਹਨ ਸਿੰਘ ਅਤੇ ਸੇਵਾਦਾਰਾਂ ਨੇ ਮਿਲ ਕੇ ਗੁਰੂ ਕੇ ਲੰਗਰ ਤਿਆਰ ਕਰਨ ਦੀ ਸੇਵਾ ਬੜੇ ਹੀ ਪਿਆਰ ਨਾਲ ਕੀਤੀ। ਭਾ. ਗੁਰਇਕਬਾਲ ਸਿੰਘ ਜੀ ਵੱਲੋਂ 12ਵੀਂ ਤੱਕ ਦੇ ਬਣਾਏ ਜੇ ਰਹੇ ਮਾਤਾ ਕੌਲਾਂ ਜੀ ਪਬਲਿਕ ਸਕੂਲ ਵਾਸਤੇ ਸ.ਗੁਰਵਿੰਦਰ ਸਿੰਘ ਸਾਹਨੀ ਵੱਲੋਂ 2 ਲੱਖ 50 ਹਜ਼ਾਰ ਦੀ ਸੇਵਾ ਸ਼ੁਰੂ ਕਰਨ ਅਤੇ ਸੰਗਤਾਂ ਨੂੰ ਬੇਨਤੀ ਕਰਨ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਦਿਲ ਖੋਲ ਕੇ ਤਕਰੀਬਨ 25 ਲੱਖ ਦੇ ਕਰੀਬ ਮਾਇਆ ਦੀ ਸੇਵਾ ਇਕੱਤਰ ਕਦਿਆਂ ਹੋਰ ਸੇਵਾ ਭੇਜਣ ਦੀ ਹਾਮੀ ਭਰੀ। ਅਖ਼ੀਰ ਵਿੱਚ ਗੁ. ਕਮੇਟੀ ਵੱਲੋਂ ਭਾਈ ਸਾਹਿਬ ਜੀ ਅਤੇ ਰਾਗੀ ਜੱਥੇ ਨੂੰ ਸਿਰੋਪਾਓ ਦੀ ਬਖ਼ਸ਼ਿਸ਼ ਕਰਕੇ ਸਨਮਾਨਿਤ ਕੀਤਾ। ਗੁਰੂ ਕੇ ਲੰਗਰਾਂ ਦੀ ਸੇਵਾ ਸ. ਨੀਟੂ ਸਾਹਨੀ ਅਤੇ ਸਾਰੇ ਪਰਿਵਾਰ ਨੇ ਬੜੇ ਪਰਿਵਾਰ ਅਤੇ ਸ਼ਰਧਾ ਨਾਲ ਕੀਤੀ ਅਤੇ

ਦੇਸ਼ ਭਗਤੀ ਨੂੰ ਸਮਰਪਿਤ ਰਹੇ ਬਾਬਾ ਕਾਕਾ ਸਿੰਘ

ਅੱਜ ਭੋਗ 'ਤੇ ਵਿਸ਼ੇਸ਼

ਮੌੜ ਮੰਡੀ- ਸੂਬੇਦਾਰ ਸ. ਕਾਕਾ ਸਿੰਘ ਭੁੱਲਰ ਦਾ ਜਨਮ ਸ੍ਰ ਸੰਪੂਰਨ ਸਿੰਘ ਦੇ ਘਰ ਮਾਤਾ ਧੰਨ ਕੌਰ ਦੀ ਕੁੱਖੋਂ ਪਿੰਡ ਮੰਡੀ ਕਲਾਂ ਜਿਲ੍ਹਾ ਬਠਿੰਡਾ ਵਿਖੇ ਹੋਇਆ । ਇਹ 1936 ਵਿੱਚ ਫੌਜ ਵਿੱਚ ਭਰਤੀ ਹੋ ਗਏ ਫੌਜ ਦੀ ਨੌਕਰੀ ਕਰਦਿਆ ਦੂਸਰੇ ਮਹਾਂਯੁੱਧ ਸਮੇਂ ਸਿੰਘਾਪੁਰ ਵਿੱਚ ਪੰਜ ਸਾਲ ਜਪਾਨ ਦੀ ਕੈਦ ਰਹੇ । 1947 ਦੇਸ਼ ਦੀ ਵੰਡ ਦੌਰਾਨ ਅਨੇਕਾਂ ਮੁਸਲਿਮ ਪਰਿਵਾਰਾਂ ਦੀ ਦੰਗਾਕਾਰੀਆਂ ਤੋਂ ਰੱਖਿਆ ਕੀਤੀ ਅਤੇ ਕੁਝ ਪਰਿਵਾਰਾਂ ਨੂੰ ਸ਼ਰਨ ਦੇ ਕੇ ਇਧਰ ਹੀ ਵਸਾ ਲਿਆ । 1961 ਅਤੇ 1965 ਦੀ ਜੰਗ ਲੜਨ ਤੋਂ ਬਾਅਦ 26 ਸਾਲ ਭਾਰਤੀ ਫੌਜ ਵਿੱਚ ਇਮਾਨਦਾਰੀ ਤੇ ਬੇਦਾਗ ਸੇਵਾ ਕੀਤੀ । ਇੰਨਾਂ ਦੇ ਅੰਦਰ ਦੇਸ਼ ਭਗਤੀ ਦੀ ਭਾਵਨਾ ਭਰੀ ਹੋਈ ਸੀ । ਪਿੰਡ ਮੰਡੀ ਕਲਾਂ ਰਹਿੰਦਿਆ ਆਪਣੀ ਕਿਰਤ ਕਮਾਈ ਕਰਦਿਆਂ ਹੋਇਆਂ ਆਪਣੇ ਪਰਿਵਾਰ ਨੂੰ ਸਿੱਖਿਅਤ ਕਰਨ ਤੋਂ ਇਲਾਵਾ ਸਮਾਜ ਸੇਵਾ ਦੇ ਕੰਮਾਂ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ । ਇਨ੍ਹਾਂ ਨੇ ਹੋਰ ਧਾਰਮਿਕ ਸੰਸਥਾਵਾਂ ਵਿੱਚ ਵੀ ਵਧ੍ਹ ਚੜ੍ਹ ਕੇ ਯੋਗਦਾਨ ਦਿੱਤਾ । ਦੇਸ਼ ਪ੍ਰੇਮ ਦੀ ਭਾਵਨਾ ਦੇ ਸਦਕਾ ਪਿੰਡ ਦੇ ਅਨੇਕਾਂ ਨੌਜਵਾਨਾਂ ਦਾ ਸਾਥ ਦੇ ਕੇ ਫੌਜ ਵਿੱਚ ਭਰਤੀ ਕਰਵਾਇਆ ਅਤੇ ਆਪਣੇ ਪੋਤਰੇ ਨੂੰ ਵੀ ਫੌਜ ਵਿੱਚ ਭਰਤੀ ਕਰਵਾ ਕੇ ਦੇਸ਼ ਦੀ ਸੇਵਾ ਕਰਨ ਦੀ ਪ੍ਰੇਰਨਾ ਦਿੱਤੀ । ਸ੍ਰ ਕਾਕਾ ਸਿੰਘ ਦੀ ਰਹਿਨੁਮਾਈ ਸਦਕਾ ਉਨਾਂ ਦੇ ਪਰਿਵਾਰ ਦੇ ਛੇ ਮੈਂਬਰ ਵੱਖ ਵੱਖ ਸਰਕਾਰੀ ਅਦਾਰਿਆਂ ਵਿੱਚ ਸੇਵਾ ਨਿਭਾ ਰਹੇ ਹਨ ਅਤੇ ਪਰਿਵਾਰ ਸਮਾਜ ਭਲਾਈ ਦੇ ਕੰਮਾਂ ਵਿੱਚ ਵਧ੍ਹ ਚੜ੍ਹ ਕੇ ਹਿੱਸਾ ਲੈ ਰਿਹਾ ਹੈ । ਆਪਜੀ 31 ਦਸੰਬਰ, 09, ਦਿਨ ਵੀਰਵਾਰ ਨੂੰ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਜਿੰਨਾਂ ਦੀ ਅੰਤਿਮ ਅਰਦਾਸ ਪਿੰਡ ਮੰਡੀ ਕਲਾਂ ਉਹਨਾਂ ਦੇ ਗ੍ਰਹਿ ਵਿਖੇ ਮਿਤੀ 8 ਜਨਵਰੀ, 2010 ਦਿਨ ਸ਼ੁੱਕਰਵਾਰ ਨੂੰ ਹੋ ਰਹੀ ਹੈ ।ਇਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਇਲਾਕੇ ਭਰ ਦੇ ਧਾਰਮਿਕ ਅਤੇ ਰਾਜਨਿਤੀਕ ਆਗੂ ਪਹੁੰਚ ਰਹੇ ਹਨ। **- ਸ਼ਾਮ ਲਾਲ ਜੋਧਪਰੀਆ**